# ਫਲਿੱਪਕਾਰਟ ਨੇ ਨਵੀਂ ਫਲਿੱਪਕਾਰਟ ਹੈਲਥ+ ਐਪ ਨਾਲ ਹੈਲਥਕੇਅਰ ਸੈਕਟਰ ਵਿੱਚ ਕਦਮ ਰੱਖਿਆ

- *20,000 ਤੋਂ ਵੱਧ ਪਿੰਨ ਕੋਡਾਂ ਵਿੱਚ ਭਾਰਤੀ ਗਾਹਕਾਂ ਲਈ ਗੁਣਵੱਤਾ ਭਰਪੂਰ ਅਤੇ ਕਿਫਾਇਤੀ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦਾਂ ਦੀ ਵਿਸ਼ਾਲ ਸ਼੍ਰੇਣੀ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਅਤੇ 'ਸਵੱਸਥ ਭਾਰਤ' ਵਿੱਚ ਯੋਗਦਾਨ ਪਾਉਣ ਦਾ ਉਦੇਸ਼ ਰੱਖਦਾ ਹੈ*
- *ਅਸਧਾਰਨ ਸਿਹਤ ਸੰਭਾਲ ਲੋੜਾਂ ਨੂੰ ਸੰਬੋਧਿਤ ਕਰਨ ਲਈ ਦੂਰ-ਦੁਰਾਡੇ ਦੇ ਸਥਾਨਾਂ ਵਿੱਚ ਅਸਲ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦਾਂ ਤੱਕ ਪਹੁੰਚਯੋਗਤਾ ਦੇ ਨਾਜ਼ੁਕ ਪਾੜੇ ਨੂੰ ਹੱਲ ਕਰਕੇ ਹੈਲਥਕੇਅਰ ਈਕੋਸਿਸਟਮ ਨੂੰ ਸਾਂਝਾ ਅਤੇ ਮਜ਼ਬੂਤ ਬਣਾਉਣ ਦਾ ਉਦੇਸ਼ ਰੱਖਦਾ ਹੈ*

**ਬੈਂਗਲੁਰੂ - 6 ਅਪ੍ਰੈਲ**, 2022: ਭਾਰਤ ਦੇ ਘਰੇਲੂ ਫਲਿੱਪਕਾਰਟ ਸਮੂਹ ਦੇ ਡਿਜੀਟਲ ਹੈਲਥਕੇਅਰ ਮਾਰਕੀਟਪਲੇਸ ਪਲੇਟਫਾਰਮ, ਫਲਿੱਪਕਾਰਟ ਹੈਲਥ+ ਨੇ ਅੱਜ ਫਲਿੱਪਕਾਰਟ ਹੈਲਥ+ ਐਪ, ਇੱਕ ਤਕਨੀਕੀ-ਪਲੇਟਫਾਰਮ ਲਾਂਚ ਕਰਨ ਦੀ ਘੋਸ਼ਣਾ ਕੀਤੀ ਜੋ ਦੇਸ਼ ਭਰ ਵਿੱਚ ਲੱਖਾਂ ਗਾਹਕਾਂ ਲਈ ਅਸਲ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦਾਂ ਅਤੇ ਸੇਵਾਵਾਂ ਤੱਕ ਪਹੁੰਚ ਨੂੰ ਸਮਰੱਥ ਬਣਾਉਂਦਾ ਹੈ। ਭਾਰਤ ਵਿੱਚ 20,000 ਪਿੰਨ ਕੋਡਾਂ ਵਿੱਚ ਗਾਹਕਾਂ ਦੀ ਸੇਵਾ ਕਰਨ ਦੇ ਉਦੇਸ਼ ਨਾਲ, ਫਲਿੱਪਕਾਰਟ ਹੈਲਥ+ ਫਲਿੱਪਕਾਰਟ ਹੈਲਥ+ ਐਪ ਰਾਹੀਂ, ਸੁਤੰਤਰ ਵਿਕਰੇਤਾਵਾਂ ਤੋਂ ਗੁਣਵੱਤਾ ਭਰਪੂਰ ਅਤੇ ਕਿਫਾਇਤੀ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦਾਂ ਤੱਕ ਆਸਾਨ ਅਤੇ ਸੁਵਿਧਾਜਨਕ ਪਹੁੰਚ ਨੂੰ ਸਮਰੱਥ ਬਣਾਏਗਾ।

ਫਲਿੱਪਕਾਰਟ ਹੈਲਥ+ ਦੇਸ਼ ਭਰ ਵਿੱਚ Sastasundar.com ਦੇ ਮਜ਼ਬੂਤ ਹੈਲਥਕੇਅਰ ਨੈੱਟਵਰਕ ਦੇ ਨਾਲ, ਫਲਿੱਪਕਾਰਟ ਸਮੂਹ ਦੀ ਪਹੁੰਚ ਅਤੇ ਆਖਰੀ-ਮੀਲ ਸਪਲਾਈ ਚੇਨ ਸਮਰੱਥਾ ਦੀ ਮੁਹਾਰਤ ਅਤੇ ਅਨੁਭਵ ਤੋਂ ਲਾਭ ਉਠਾਏਗਾ। ਇਸਦਾ ਉਦੇਸ਼ ਲੰਬੇ ਸਮੇਂ ਦੀ ਟਿਕਾਊ ਤੰਦਰੁਸਤੀ ਅਤੇ ਸਮਾਜਿਕ ਵਿਕਾਸ ਦੇ ਸੰਦਰਭ ਵਿੱਚ ਹੈਲਥਕੇਅਰ ਈਕੋਸਿਸਟਮ ਨਾਲ ਭਾਈਵਾਲੀ ਕਰਦੇ ਹੋਏ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦਾਂ ਅਤੇ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਕਿਫਾਇਤੀ ਪਹੁੰਚ ਨੂੰ ਸਮਰੱਥ ਬਣਾ ਕੇ ਭਾਰਤ ਦੀ ਸਿਹਤ ਸੰਭਾਲ ਵਾਤਾਵਰਣ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਹੈ।

ਫਲਿੱਪਕਾਰਟ ਹੈਲਥ+ ਐਪ ਦੀ ਸ਼ੁਰੂਆਤ ਉੱਤੇ ਟਿੱਪਣੀ ਕਰਦੇ ਹੋਏ, **ਸ਼੍ਰੀ ਪ੍ਰਸ਼ਾਂਤ ਝਵੇਰੀ, ਮੁੱਖ ਕਾਰਜਕਾਰੀ ਅਧਿਕਾਰੀ, ਫਲਿੱਪਕਾਰਟ ਹੈਲਥ**+, ਨੇ ਕਿਹਾ, *"ਕੋਵਿਡ-19 ਮਹਾਂਮਾਰੀ ਦੇ ਬਾਅਦ ਤੋਂ, ਭਾਰਤੀਆਂ ਨੇ ਤੰਦਰੁਸਤੀ ਅਤੇ ਰੋਕਥਾਮ ਵਾਲੀ ਸਿਹਤ ਸੰਭਾਲ ਦੇ ਪੱਖ ਵਿੱਚ ਇੱਕ ਬਹੁਤ ਜ਼ਿਆਦਾ ਬਦਲਾਅ ਦੇਖਿਆ ਅਤੇ ਸਿਹਤ ਅਤੇ ਤੰਦਰੁਸਤੀ ਉੱਤੇ ਜ਼ਿਆਦਾ ਧਿਆਨ ਦਿੱਤਾ ਹੈ ਜਿਵੇਂ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਫਲਿੱਪਕਾਰਟ ਹੈਲਥ+ ਦੇ ਜ਼ਰੀਏ, ਸਾਡਾ ਉਦੇਸ਼ ਦੇਸ਼ ਭਰ ਵਿੱਚ, ਖਾਸ ਤੌਰ 'ਤੇ ਦੇਸ਼ ਦੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ, ਜਿਨ੍ਹਾਂ ਨੂੰ ਹੁਣ ਤੱਕ ਸੇਵਾ ਘੱਟ ਮਿਲਦੀ ਆਈ ਹੈ, ਅਸਲ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦਾਂ ਅਤੇ ਸੇਵਾਵਾਂ ਤੱਕ ਪਹੁੰਚਯੋਗਤਾ ਦੇ ਨਾਜ਼ੁਕ ਪਾੜੇ ਨੂੰ ਹੱਲ ਕਰਨਾ ਹੈ। ਅਸੀਂ ਇਸ ਤਰੀਕੇ ਨਾਲ ਟੈਕਨਾਲੋਜੀ ਦਾ ਲਾਭ ਉਠਾਉਣਾ ਚਾਹੁੰਦੇ ਹਾਂ ਜੋ ਹੈਲਥਕੇਅਰ ਈਕੋਸਿਸਟਮ*

*ਨੂੰ ਮਜ਼ਬੂਤ ਕਰੇ ਅਤੇ ਇਸ ਨੂੰ ਦੇਸ਼ ਦੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਵੀ ਸਿਹਤ ਸੰਭਾਲ ਦੀ ਪਹੁੰਚ ਨੂੰ ਆਸਾਨ ਬਣਾ ਕੇ ਅਤੇ ਇੱਕ ਸਿਹਤਮੰਦ ਭਾਰਤ ਲਈ ਯੋਗਦਾਨ ਦੇ ਕੇ ਗਾਹਕਾਂ ਦੀ ਬਿਹਤਰ ਸੇਵਾ ਕਰਨ ਦੇ ਯੋਗ ਬਣਾਵੇ।"*

ਫਲਿੱਪਕਾਰਟ ਹੈਲਥ+ ਐਪ ਨੂੰ ਉਪਭੋਗਤਾ-ਅਨੁਕੂਲ ਇੰਟਰਫੇਸ ਨਾਲ ਡਿਜ਼ਾਇਨ ਅਤੇ ਵਿਕਸਤ ਕੀਤਾ ਗਿਆ ਹੈ ਜੋ ਗਾਹਕਾਂ ਨੂੰ ਆਕਰਸ਼ਿਤ ਕਰੇਗਾ, ਚਾਹੇ ਉਹਨਾਂ ਕੋਲ ਤਕਨੀਕੀ ਨਿਪੁੰਨਤਾ ਹੋਵੇ ਜਾਂ ਨਹੀਂ। ਫਲਿੱਪਕਾਰਟ ਹੈਲਥ+, ਰੈਗੂਲੇਟਰੀ ਫਰੇਮਵਰਕ ਦੇ ਅਨੁਸਾਰ ਇੱਕ ਮਜ਼ਬੂਤ ਟੈਕਨਾਲੋਜੀ ਅਤੇ ਲੌਜਿਸਟਿਕਸ ਬੁਨਿਆਦੀ ਢਾਂਚੇ ਦੇ ਨਾਲ ਭਾਰਤ ਭਰ ਵਿੱਚ, ਖਾਸ ਤੌਰ 'ਤੇ ਦੂਰ-ਦੁਰਾਡੇ ਦੇ ਸਥਾਨਾਂ ਵਿੱਚ, ਰਵਾਇਤੀ ਤੌਰ 'ਤੇ ਘੱਟ ਸੇਵਾ ਪ੍ਰਾਪਤ ਦੂਰ ਦਰਾਡੇ ਦੇ ਸਥਾਨਾਂ ਉੱਤੇ ਗੰਭੀਰ ਅਤੇ ਭਿਆਨਕ ਬਿਮਾਰੀਆਂ ਸਮੇਤ ਵੱਖ-ਵੱਖ ਸਿਹਤ ਸਥਿਤੀਆਂ ਲਈ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦਾਂ ਅਤੇ ਸੇਵਾਵਾਂ ਤੱਕ ਪਹੁੰਚ ਨੂੰ ਸਮਰੱਥ ਕਰੇਗਾ।

ਸ਼ੁਰੂ ਵਿੱਚ ਫਲਿੱਪਕਾਰਟ ਹੈਲਥ+ ਪਲੇਟਫਾਰਮ ਵਿੱਚ ਲਗਭਗ 500+ ਸੁਤੰਤਰ ਵਿਕਰੇਤਾ ਹੋਣਗੇ ਜਿਨ੍ਹਾਂ ਕੋਲ ਡਾਕਟਰੀ ਨੁਸਖਿਆਂ ਦੀ ਪ੍ਰਮਾਣਿਕਤਾ ਅਤੇ ਦਵਾਈਆਂ ਦੀ ਸਹੀ ਵੰਡ ਲਈ ਰਜਿਸਟਰਡ ਫਾਰਮਾਸਿਸਟਾਂ ਦਾ ਇੱਕ ਨੈੱਟਵਰਕ ਹੈ। ਭਾਵੇਂ ਇਹ ਇੱਕ ਵਿਚਕਾਰਲਾ ਮਾਰਕੀਟਪਲੇਸ ਪਲੇਟਫਾਰਮ ਹੈ, ਫਲਿੱਪਕਾਰਟ ਹੈਲਥ+ ਨੇ ਵੱਖ-ਵੱਖ ਗੁਣਵੱਤਾ ਜਾਂਚਾਂ ਅਤੇ ਤਸਦੀਕ ਪ੍ਰੋਟੋਕੋਲ ਅਪਣਾਏ ਹਨ, ਜੋ ਸੁਤੰਤਰ ਵਿਕਰੇਤਾਵਾਂ ਤੋਂ ਗਾਹਕ ਦੇ ਦਰਵਾਜ਼ੇ ਤੱਕ ਅਸਲ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦਾਂ ਦੀ ਡਿਲੀਵਰੀ ਦੀ ਸਹੂਲਤ ਪ੍ਰਦਾਨ ਕਰਨਗੇ। ਆਉਣ ਵਾਲੇ ਮਹੀਨਿਆਂ ਵਿੱਚ, ਫਲਿੱਪਕਾਰਟ ਹੈਲਥ+ ਨੇ ਤੀਜੀ-ਧਿਰ ਦੇ ਸਿਹਤ ਸੰਭਾਲ ਸੇਵਾ ਪ੍ਰਦਾਤਾਵਾਂ ਨੂੰ ਆਨ-ਬੋਰਡ ਕਰਨ ਦੀ ਯੋਜਨਾ ਬਣਾਈ ਹੈ ਜੋ ਗਾਹਕਾਂ ਨੂੰ ਟੈਲੀਕੰਸਲਟੇਸ਼ਨ ਅਤੇ ਈ-ਡਾਇਗਨੌਸਟਿਕਸ ਵਰਗੀਆਂ ਹੋਰ ਵੈਲਯੂ-ਐਡਿਡ ਸਿਹਤ ਸੇਵਾਵਾਂ ਦੀ ਪੇਸ਼ਕਸ਼ ਕਰਨਗੇ।

ਮਾਲੀਆ ਅਤੇ ਰੁਜ਼ਗਾਰ, ਦੋਵਾਂ ਦੇ ਰੂਪ ਵਿੱਚ ਹੈਲਥਕੇਅਰ ਭਾਰਤੀ ਅਰਥਵਿਵਸਥਾ ਦੇ ਸਭ ਤੋਂ ਵੱਡੇ ਖੇਤਰਾਂ ਵਿੱਚੋਂ ਇੱਕ ਬਣ ਗਿਆ ਹੈ। ਭਾਰਤ ਦੇ ਲੋਕ ਵੱਧ ਤੋਂ ਵੱਧ ਡਿਜੀਟਲ ਨੂੰ ਅਪਣਾ ਰਹੇ ਹਨ ਅਤੇ ਦੇਸ਼ ਭਰ ਵਿੱਚ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦਾਂ ਦੀ ਇੱਕ ਲੜੀ ਨੂੰ ਪਹੁੰਚਯੋਗ ਬਣਾਉਣ ਦਾ ਇਹ ਇੱਕ ਅਨਕੂਲ ਮੌਕਾ ਹੈ।

ਫਲਿੱਪਕਾਰਟ ਹੈਲਥ+ ਐਪ ਨੂੰ ਸ਼ੁਰੂਆਤੀ ਤਰ 'ਤੇ ਐਂਡਰੌਇਡ ਪਲੇ ਸਟੋਰ 'ਤੇ ਅਤੇ ਭਵਿੱਖ ਵਿੱਚ ਆਈ.ਓ.ਐਸ 'ਤੇ ਉਪਲਬਧ ਕਰਾਇਆ ਜਾਵੇਗਾ ਅਤੇ ਇਸਨੂੰ ਘੱਟ ਬੈਂਡਵਿਡਥ 'ਤੇ ਵੀ ਐਕਸੈਸ ਕੀਤਾ ਜਾ ਸਕਦਾ ਹੈ, ਜਿਸ ਨਾਲ ਇਹ ਦੇਸ਼ ਭਰ ਦੇ ਗਾਹਕਾਂ ਲਈ ਪਹੁੰਚਯੋਗ ਹੈ।

## About Flipkart Health+

Flipkart Health+ is the digital healthcare marketplace platform that is a part of the Flipkart Group - India's homegrown consumer internet ecosystem. Flipkart Health+ aims to provide millions of customers across the country access to quality and affordable healthcare through genuine medicines and healthcare products delivered to them. Flipkart Group acquired a majority stake in SastaSundar.com marketplace

platform in 2021 to synergise its in-depth expertise to enable customers with high-quality medicines and healthcare products and services in the health-tech ecosystem through Flipkart Health+. The platform would benefit from the experience and expertise of the Flipkart Group, which includes its pan-India reach and technology capabilities, along with SastaSundar.com's in-depth expertise to provide customers with an array of genuine offerings in the health-tech ecosystem.

**For more information, please contact media@flipkart.com**

**For media queries, please contact Ruder Finn –**


| | |
|---|---|
| Swati Chauhan<br>chauhans@ruderfinnasia.com / 8505947705 | Medha Banerjee<br>banerjeem@RuderFinnAsia.com / 9874393817 |